# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਮਾਨ ਮੌਕੇ ਕਮੀਸ਼ਨ

ਮਈ 1996 ਵਿੱਚ ਸਥਾਪਿਤ ਕੀਤੀ ਸਮਾਨ ਮੌਕੇ ਕਮੀਸ਼ਨ (EOC) ਲਿੰਗ ਭੇਦਭਾਵ ਆਰਡੀਨੈਂਸ (SDO), ਅਪੰਗਤਾ ਵਿਤਕਰੇ ਸੰਬੰਧੀ ਆਰਡੀਨੈਂਸ (DDO), ਪਰਿਵਾਰਕ ਸਥਿਤੀ ਵਿਤਕਰੇ ਸੰਬੰਧੀ ਆਰਡੀਨੈਂਸ (FSDO) ਅਤੇ ਨਸਲੀ ਵਿਤਕਰਾ ਆਰਡੀਨੈਂਸ (RDO) ਨੂੰ ਲਾਗੂ ਕਰਨ ਲਈ ਹਾਂਗ ਕਾਂਗ ਵਿੱਚ ਇੱਕ ਕਾਨੂੰਨੀ ਸੰਸਥਾ ਹੈ।

ਕਮਿਸ਼ਨ ਲਿੰਗ, ਵਿਆਹੁਤਾ ਅਵਸਥਾ, ਗਰਭ ਅਵਸਥਾ, ਛਾਤੀ ਦਾ ਦੁੱਧ ਪਿਲਾਉਣ, ਅਪੰਗਤਾ, ਪਰਿਵਾਰਕ ਰੁਤਬਾ ਅਤੇ ਨਸਲ ਦੇ ਅਧਾਰ 'ਤੇ ਵਿਤਕਰੇ ਦੇ ਖਾਤਮੇ ਲਈ ਕੰਮ ਕਰਦਾ ਹੈ।

ਅਸੀਂ ਅਪੰਗਤਾ ਅਤੇ ਨਸਲ ਦੇ ਅਧਾਰ 'ਤੇ ਜਿਨਸੀ ਪਰੇਸ਼ਾਨੀ, ਛਾਤੀ ਦਾ ਦੁੱਧ ਪਿਲਾਉਣ ਸੰਬੰਧੀ ਪਰੇਸ਼ਾਨੀ, ਅਤੇ ਅਪਾਹਜਤਾ ਅਤੇ ਨਸਲ ਦੇ ਅਧਾਰ 'ਤੇ ਪਰੇਸ਼ਾਨੀ ਅਤੇ ਬਦਨਾਮੀ ਨੂੰ ਖਤਮ ਕਰਨਾ ਚਾਹੁੰਦੇ ਹਾਂ। ਅਸੀਂ ਮਰਦ ਅਤੇ ਔਰਤ ਦੇ ਵਿੱਚਕਾਰ, ਅਪਾਹਜਤਾ ਵਾਲੇ ਅਤੇ ਬਿਨਾ ਅਪਾਹਜਤਾ ਵਾਲੇ ਵਿਅਕਤੀਆਂ ਅਤੇ ਪਰਿਵਾਰਕ ਰੁਤਬੇ ਅਤੇ ਜਾਤ ਦੀ ਪਰਵਾਹ ਕੀਤੇ ਬਿਨਾਂ, ਮੌਕਿਆਂ ਦੀ ਸਮਾਨਤਾ ਨੂੰ ਉਤਸ਼ਾਹਿਤ ਕਰਦੇ ਹਾਂ।

EOC ਨੇ ਕਾਨਸਟਿਟੂਸ਼ਨਲ ਐਂਡ ਮੇਨਲੈਂਡ ਅਫੇਅਰਜ਼ ਬਿਊਰੋ, (ਸੀ ਐਮ ਏ ਬੀ) (Constitutional and Mainland Affairs Bureau, CMAB) ਦੁਆਰਾ ਜਾਰੀ "ਨਸਲੀ ਸਮਾਨਤਾ ਦੇ ਪ੍ਰੋਤਸਾਹਨ 'ਤੇ ਪ੍ਰਸ਼ਾਸਕੀ ਦਿਸ਼ਾ-ਨਿਰਦੇਸ਼ਾਂ" ਦੇ ਤਹਿਤ ਇੱਕ ਚੈਕਲਿਸਟ ਤਿਆਰ ਕੀਤੀ ਹੈ, ਜਿਸ ਵਿੱਚ ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਕਮੀਸ਼ਨ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਜਨਤਕ ਸੇਵਾਵਾਂ ਤੱਕ ਬਰਾਬਰ ਪਹੁੰਚ ਨਾਲ ਸੰਬੰਧਿਤ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਲੋਕਾਂ ਦੀ ਪਹੁੰਚ ਲਈ ਇਹ ਚੈਕਲਿਸਟ ਦੂਜੇ ਸਰਕਾਰੀ ਬਿਊਰੋ/ਵਿਭਾਗਾਂ ਅਤੇ ਜਨਤਕ ਅਥਾਰਟੀਆਂ ਦੁਆਰਾ ਤਿਆਰ ਕੀਤੀ ਗਈ ਚੈਕਲਿਸਟ ਦੇ ਨਾਲ CMAB ਦੀ ਵੈੱਬਸਾਈਟ 'ਤੇ ਅੱਪਲੋਡ ਕੀਤੀ ਗਈ ਹੈ।

**A.** ਪੁੱਛਗਿੱਛ ਅਤੇ ਸ਼ਿਕਾਇਤ ਸੇਵਾਵਾਂ

| | |
|---|---|
| ਸਬੰਧਿਤ ਸੇਵਾਵਾਂ | • EOC ਗੈਰਕਾਨੂੰਨੀ ਕੰਮਾਂ, ਸ਼ਿਕਾਇਤਾਂ ਅਤੇ ਸਮਝੌਤੇ 'ਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਦੀ ਹੈ ਅਤੇ RDO ਦੀ ਧਾਰਾ 78 ਅਤੇ 79 ਦੇ ਅਨੁਸਾਰ ਸਹਾਇਤਾ ਮੁਹੱਈਆ ਕਰਵਾਉਂਦੀ ਹੈ ਤਾਂ ਜੋ ਨਸਲੀ ਵਿਤਕਰੇ, ਪ੍ਰੇਸ਼ਾਨੀਆਂ ਅਤੇ ਬਦਨਾਮੀ ਦੇ ਖਾਤਮੇ ਲਈ ਕੰਮ ਕਰਦਾ ਹੈ, ਅਤੇ ਵੱਖੋ ਵੱਖਰੇ ਵਿਅਕਤੀਆਂ ਨਸਲੀ ਸਮੂਹਾਂ ਦੇ ਵਿੱਚਕਾਰ ਮੌਕਿਆਂ ਦੀ ਸਮਾਨਤਾ ਅਤੇ ਸਦਭਾਵਨਾ ਨੂੰ ਉਤਸ਼ਾਹਤ ਕਰਦਾ ਹੈ ।<br>• EOC RDO ਦੀ ਪਾਲਣਾ ਬਾਰੇ ਜਨਤਕ ਅਥਾਰਟੀਆਂ, ਦੂਜੀਆਂ ਪਾਰਟੀਆਂ ਅਤੇ ਵਿਅਕਤੀਆਂ ਤੋਂ ਪੁੱਛਗਿੱਛ ਲਈ ਸਲਾਹ ਦਿੰਦਾ ਹੈ ਅਤੇ ਪਰਬੰਧਨ ਕਰਦੀ ਹੈ। |
| ਮੌਜੂਦਾ ਉਪਾਅ | • ਅਸੀਂ ਵਿਭਿੰਨ ਜਾਤੀਆਂ ਦੇ ਲੋਕਾਂ ਦੁਆਰਾ ਪੁੱਛਗਿੱਛ ਕਰਨ ਅਤੇ ਸ਼ਿਕਾਇਤਾਂ ਦਰਜ ਕਰਨ ਲਈ ਬਰਾਬਰ ਦੇ ਮੌਕਿਆਂ ਨੂੰ ਯਕੀਨੀ ਬਣਾਉਂਦੇ ਹਾਂ। |

- ਵੱਖ-ਵੱਖ ਨਸਲੀ ਸਮੂਹਾਂ ਦੀਆਂ ਜ਼ਰੂਰਤਾਂ, ਸੰਵੇਦਨਸ਼ੀਲਤਾ ਅਤੇ ਚਿੰਤਾਵਾਂ ਨੂੰ ਜਾਂਚ ਅਤੇ ਸ਼ਿਕਾਇਤ ਸੇਵਾਵਾਂ ਦੇ ਪ੍ਰਬੰਧ ਵਿੱਚ ਧਿਆਨ ਵਿੱਚ ਰੱਖਿਆ ਜਾਂਦਾ ਹੈ।
- ਲੋੜ ਪੈਣ 'ਤੇ ਵੱਖੋ ਵੱਖਰੇ ਨਸਲੀ ਸਮੂਹਾਂ ਦੇ ਪੁੱਛ-ਗਿੱਛ ਕਰਨ ਵਾਲਿਆਂ ਅਤੇ ਸ਼ਿਕਾਇਤਕਰਤਾ ਦੀ ਭਾਸ਼ਾ ਜਰੂਰਤ ਨੂੰ ਧਿਆਨ ਵਿੱਚ ਰੱਖਦਿਆਂ ਅਨੁਵਾਦ ਅਤੇ ਦੁਭਾਸ਼ਾ ਸੇਵਾਂ ਪ੍ਰਦਾਨ ਕੀਤਾਂ ਜਾਂਦੀਆਂ ਹਨ।

ਭਵਿੱਖ ਦੇ ਕੰਮ ਦਾ ਮੁਲਾਂਕਣ

- EOC ਆਪਣੀ ਪੜਤਾਲ ਅਤੇ ਸ਼ਿਕਾਇਤ ਨਿਪਟਾਰਾ ਸੇਵਾਵਾਂ ਅਤੇ ਵਿਭਿੰਨ ਜਾਤੀਆਂ ਦੇ ਲੋਕਾਂ ਦੁਆਰਾ ਸੇਵਾਵਾਂ ਤੱਕ ਬਰਾਬਰ ਪਹੁੰਚ ਵਧਾਉਣ ਲਈ ਇਸ ਦੇ ਉਪਾਵਾਂ ਦਾ ਬਾਕਾਇਦਾ ਮੁਲਾਂਕਣ ਅਤੇ ਸਮੀਖਿਆ ਕਰੇਗੀ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- ਵਿਭਿੰਨ ਜਾਤੀਆਂ ਵਾਲੇ ਪੁੱਛਗਿੱਛਕਰਤਾਵਾਂ ਅਤੇ ਸ਼ਿਕਾਇਤਕਰਤਾਵਾਂ ਨੂੰ ਅੰਗਰੇਜ਼ੀ ਅਤੇ ਚੀਨੀ ਭਾਸ਼ਾ ਤੋਂ ਇਲਾਵਾ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਟੈਗਾਲੌਗ, ਥਾਈ, ਉਰਦੂ ਅਤੇ ਵੀਅਤਨਾਮੀ ਸਮੇਤ ਅੱਠ ਭਾਸ਼ਾਵਾਂ ਵਿਚ ਸ਼ਿਕਾਇਤ ਉੱਤੇ ਕਾਰਵਾਈ ਕਰਨ ਦੀ ਪ੍ਰਕ੍ਰਿਆ (ਸੀ ਐਚ ਪੀ) (Complaint Handling Process, CHP*))* ਅਤੇ/ਜਾਂ ਸਹਿਮਤੀ ਬਣਾਉਣ ਦੀਆਂ ਪ੍ਰਕ੍ਰਿਆਵਾਂ ਬਾਰੇ ਵੀਡਿਓਆਂ ਅਤੇ ਸ਼ਿਕਾਇਤਕਰਤਾਵਾਂ ਅਤੇ ਜਵਾਬਦੇਹੀਆਂ ਲਈ ਸੀ ਐਚ ਪੀ (CHP*)* ਜਾਣਕਾਰੀ ਲਈ ਸਬਟਾਈਟਲ ਪ੍ਰਦਾਨ ਕਰਕੇ ਉਨ੍ਹਾਂ ਨੂੰ ਤੁਰੰਤ ਸਮਝ ਪ੍ਰਦਾਨ ਕਰਨ ਲਈ ਉਪਾਅ ਤੇਜ਼ ਕੀਤੇ ਗਏ ਹਨ। ਸ਼ਿਕਾਇਤਕਰਤਾਵਾਂ ਅਤੇ ਜੁਆਬਦੇਹੀਆਂ ਵਾਸਤੇ ਬੰਗਾਲੀ ਅਤੇ ਸਿੰਹਾਲਾ ਵਿਚ ਵਾਧੂ ਤੌਰ 'ਤੇ ਸੀ ਐਚ ਪੀ (CHP*)* ਜਾਣਕਾਰੀ ਪ੍ਰਦਾਨ ਕਰਕੇ ਉਪਾਵਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।
- ਨਸਲੀ ਮੁੱਦਿਆਂ ਅਤੇ / ਜਾਂ ਨਸਲੀ ਸਮੂਹਾਂ ਸਬੰਧੀ ਪੁੱਛਗਿੱਛ ਅਤੇ ਸ਼ਿਕਾਇਤਾਂ ਦਾ ਡਾਟਾ ਨਸਲੀ ਸਮਾਨਤਾ ਨੀਤੀਆਂ ਅਤੇ ਉਪਾਵਾਂ ਦੀ ਨਿਰੰਤਰ ਸਮੀਖਿਆ ਲਈ ਇਕੱਤਰ ਕੀਤਾ ਜਾਵੇਗਾ।
- ਪੁੱਛ-ਗਿੱਛ ਕਰਨ ਵਾਲਿਆਂ ਅਤੇ ਸ਼ਿਕਾਇਤਕਰਤਾਵਾਂ ਦੁਆਰਾ (ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ) ਬੇਨਤੀ ਕੀਤੀਆਂ ਵਿਸ਼ੇਸ਼ ਭਾਸ਼ਾ ਦੀਆਂ ਲੋੜਾਂ ਦੇ ਯੋਗ ਰਿਕਾਰਡਾਂ ਨੂੰ ਅੰਦਰੂਨੀ ਡੇਟਾ ਇਕੱਤਰ ਕਰਨ ਦੀ ਪ੍ਰਣਾਲੀ ਵਿੱਚ ਰੱਖਿਆ ਜਾਵੇਗਾ।

B. ਆਮ ਜਨਤਾ ਲਈ ਟ੍ਰੇਨਿੰਗ ਸੇਵਾ

ਸਬੰਧਿਤ ਸੇਵਾਵਾਂ

- ਸਮਾਨ ਮੌਕੇ ਕਾਨੂੰਨ ਅਤੇ ਸਬੰਧਿਤ ਪ੍ਰਬੰਧਨ ਰਣਨੀਤੀ ਬਾਰੇ ਟ੍ਰੇਨਿੰਗ ਪ੍ਰਦਾਨ ਕਰਨ ਲਈ EOC ਦਾ ਨੀਤੀ, ਖੋਜ ਅਤੇ ਸਿਖਲਾਈ ਵਿਭਾਗ ਆਮ ਪਬਲਿਕ ਨੂੰ ਟ੍ਰੇਨਿੰਗ ਦੀਆਂ ਦੋ ਸ਼੍ਰੇਣੀਆਂ ਕੈਲੰਡਰ ਟ੍ਰੇਨਿੰਗ ਅਤੇ ਅਨੁਕੂਲਿਤ ਟ੍ਰੇਨਿੰਗ ਕੋਰਸ ਪ੍ਰਦਾਨ ਕਰਦਾ ਹੈ।

ਮੌਜੂਦਾ ਉਪਾਅ

- ਟ੍ਰੇਨਿੰਗ ਕੋਰਸਾਂ ਵਿੱਚ ਵਰਤੇ ਜਾਣ ਵਾਲੇ ਮਾਧਿਅਮ
    - ਕੈਲੰਡਰ ਟ੍ਰੇਨਿੰਗ ਪ੍ਰੋਗਰਾਮ ਦੇ ਤਹਿਤ, EOC ਹਰ ਸਾਲ ਬਸੰਤ ਅਤੇ ਪਤਝੜ ਦੇ ਦੌਰਾਨ ਦੋ ਸ਼੍ਰੇਣੀਆਂ ਆਯੋਜਿਤ ਕਰਦੀ ਹੈ। ਦੋਨਾਂ ਸ਼੍ਰੇਣੀਆਂ ਵਿੱਚ ਮੁਫਤ ਕੈਂਟੋਨੀਜ਼ ਅਤੇ ਅੰਗ੍ਰੇਜ਼ੀ ਟ੍ਰੇਨਿੰਗ ਕੋਰਸ ਪੇਸ਼ ਕੀਤੇ ਜਾਂਦੇ ਹਨ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਦੋਵੇਂ ਕੈਂਟੋਨੀਜ਼ ਅਤੇ ਗੈਰ-ਕੈਂਟੋਨੀਜ਼ ਬੋਲਣ ਵਾਲੇ ਬਿਨਾਂ ਭਾਸ਼ਾ ਰੁਕਾਵਟ ਤੋਂ ਸਾਡੇ ਟ੍ਰੇਨਿੰਗ ਕੋਰਸਾਂ ਵਿੱਚ ਭਾਗ ਲੈ ਸਕਣ।

- ਅਨੁਕੂਲ ਟ੍ਰੇਨਿੰਗ ਦੇ ਤਹਿਤ, ਸੰਸਥਾਵਾਂ ਦੁਆਰਾ ਬੇਨਤੀ ਕਰਨ ਤੇ, ਕੈਂਟੋਨੀਜ਼ ਅਤੇ ਅੰਗ੍ਰੇਜ਼ੀ ਟ੍ਰੇਨਿੰਗ ਕੋਰਸ ਪ੍ਰਦਾਨ ਕੀਤੇ ਜਾਂਦੇ ਹਨ।

- ਟ੍ਰੇਨਿੰਗ ਕੋਰਸਾਂ ਦੀ ਸਮਗਰੀ
  - ਜਦੋਂ ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨਾ ਯੋਗ ਹੋਵੇ ਤਾਂ RDO ਦੁਆਰਾ ਨਸਲੀ ਬਰਾਬਰਤਾ ਦੀ ਧਾਰਨਾ, ਸਭਿਆਚਾਰਕ ਤੌਰ ਤੇ ਸੰਮਲਿਤ ਕਾਰਜ ਸਥਾਨਾਂ ਅਤੇ ਪ੍ਰਮੁੱਖ ਗੈਰਕਾਨੂੰਨੀ ਕੰਮਾਂ ਨੂੰ ਮੌਜੂਦਾ ਕੈਲੰਡਰ ਟ੍ਰੇਨਿੰਗ ਅਤੇ ਅਨੁਕੂਲ ਟ੍ਰੇਨਿੰਗ ਕੋਰਸਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

- ਟ੍ਰੇਨਿੰਗ ਸੇਵਾਵਾਂ ਤੱਕ ਪਹੁੰਚ
  - EOC ਦੀ ਵੈਬਸਾਈਟ 'ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਸਾਰੀ ਜਾਣਕਾਰੀ ਅਤੇ ਦਾਖਲੇ ਦੇ ਵੇਰਵਿਆਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ।
  - ਦਾਖਲਾ ਫਾਰਮ ਚੀਨੀ ਅਤੇ ਅੰਗਰੇਜ਼ੀ ਵਿੱਚ ਦਾਖਲਾ ਫਾਰਮ EOC ਦੀ ਵੈਬਸਾਈਟ 'ਤੇ ਉਪਲਬਧ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਹਰ ਸਾਲ ਦੋਵੇਂ ਟ੍ਰੇਨਿੰਗ ਸ਼੍ਰੇਣੀਆਂ ਵਿੱਚ ਨਸਲੀ ਬਰਾਬਰਤਾ ਨਾਲ ਸਬੰਧਿਤ ਟ੍ਰੇਨਿੰਗ ਕੋਰਸਾਂ ਦੀ ਸਮੱਗਰੀ ਦੀ ਟ੍ਰੇਨਰਾਂ ਦੁਆਰਾ ਸਮੀਖਿਆ ਕੀਤੀ ਜਾਵੇਗੀ। |

## C. ਵੱਖ ਵੱਖ ਜਾਤਾਂ ਦੇ ਲੋਕਾਂ ਲਈ ਟ੍ਰੇਨਿੰਗ ਸੇਵਾ

| | |
|---|---|
| ਸਬੰਧਿਤ ਸੇਵਾਵਾਂ | • EOC ਦੀ ਘੱਟ ਗਿਣਤੀ ਯੂਨਿਟ ("ਯੂਨਿਟ") ਵਿਤਕਰੇ ਵਿਰੋਧੀ ਸੁਰੱਖਿਆ 'ਤੇ ਟ੍ਰੇਨਿੰਗ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਭਾਸ਼ਾ ਦੀਆਂ ਜ਼ਰੂਰਤਾਂ ਦਾ ਅਨੁਮਾਨ ਲਾਉਣ ਲਈ ਨਸਲੀ ਸਮੂਹਾਂ ਤੱਕ ਸਰਗਰਮੀ ਨਾਲ ਪਹੁੰਚਦੀ ਹੈ। |
| ਮੌਜੂਦਾ ਉਪਾਅ | • ਜਦੋਂ ਜਰੂਰੀ ਅਤੇ ਵਿਵਹਾਰਕ ਤੌਰ 'ਤੇ ਸੰਭਵ ਹੋਵੇ ਤਾਂ ਵੱਖ-ਵੱਖ ਨਸਲੀ ਸਮੂਹਾਂ ਲਈ ਹੇਠਾਂ ਦਿੱਤਿਆਂ ਦੁਆਰਾ ਟ੍ਰੇਨਿੰਗ ਪ੍ਰੋਗਰਾਮ ਪ੍ਰਦਾਨ ਕੀਤੇ ਜਾਣਗੇ:<br>▪ ਸਮੂਹਾਂ ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਮੁਹਾਰਤ ਵਾਲੇ ਸਟਾਫ ਮੈਂਬਰਾਂ ਦੁਆਰਾ ਸਿੱਧੀ ਸੇਵਾ ਦੇਣੀ<br>▪ ਬਾਹਰੀ ਸੇਵਾ ਪ੍ਰਦਾਤਾਵਾਂ ਦੁਆਰਾ ਦੁਭਾਸ਼ਾ ਅਤੇ / ਜਾਂ ਅਨੁਵਾਦ ਸੇਵਾਵਾਂ ਲਈ ਸਿਫਾਰਿਸ਼<br>▪ ਗੈਰ ਸਰਕਾਰੀ ਸੰਗਠਨਾਂ, ਨਸਲੀ ਸਮੂਹਾਂ ਜਾਂ ਕੌਂਸਲੇਟ ਦਫਤਰਾਂ ਨਾਲ ਲੋੜੀਂਦੀ ਭਾਸ਼ਾ ਸਹਾਇਤਾ ਲਈ ਸਹਿਯੋਗ |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵੱਖ ਵੱਖ ਨਸਲੀ ਸਮੂਹਾਂ ਤੋਂ ਪ੍ਰਦਾਨ ਕੀਤੀ ਟ੍ਰੇਨਿੰਗ ਸੇਵਾ ਬਾਰੇ ਫੀਡਬੈਕ ਯੂਨਿਟ ਦੀਆਂ ਆਊਟਰੀਚ ਗਤੀਵਿਧੀਆਂ ਅਤੇ ਨਸਲੀ ਭਾਈਚਾਰਕ ਨੇਤਾਵਾਂ ਨਾਲ ਨਿਯਮਤ ਮੀਟਿੰਗਾਂ ਵਿੱਚ ਇਕੱਤਰ ਕੀਤੇ ਜਾਣਗੇ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਨਸਲੀ ਸਮੂਹਾਂ ਲਈ ਸਿਖਲਾਈਆਂ ਅਤੇ ਸਿੱਖਿਆ ਸਮੱਗਰੀਆਂ ਹੋਰ ਭਾਸ਼ਾਵਾਂ ਵਿਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।<br>• ਨਸਲੀ ਸਮੂਹਾਂ ਲਈ ਸਿਖਲਾਈਆਂ ਅਤੇ ਸਿੱਖਿਆ ਸਮੱਗਰੀਆਂ ਹੋਰ ਭਾਸ਼ਾਵਾਂ ਵਿਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ। |

D. ਲੋੜਵੰਦ ਸੇਵਾ ਉਪਭੋਗਤਾਵਾਂ ਲਈ ਢੁੱਕਵੀਆਂ ਭਾਸ਼ਾ ਸੇਵਾਵਾਂ ਦੀ ਵਿਵਸਥਾ

| | |
|---|---|
| ਸਬੰਧਿਤ ਸੇਵਾਵਾਂ | • EOC ਵੱਖ ਵੱਖ ਨਸਲ ਦੇ ਲੋਕਾਂ ਦੁਆਰਾ ਇਸ ਦੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਿਰਿਆਸ਼ੀਲ ਅਤੇ ਵਿਵਹਾਰਕ ਪਹੁੰਚ ਅਪਣਾਉਣ ਲਈ ਵਚਨਬੱਧ ਹੈ। ਚੀਨੀ / ਅੰਗਰੇਜ਼ੀ ਵਿੱਚ ਪੜ੍ਹਨ ਜਾਂ ਸੰਚਾਰ ਕਰਨ ਵਿੱਚ ਅਸਮਰੱਥ ਉਪਭੋਗਤਾਵਾਂ ਨਾਲ ਸੰਚਾਰ ਦੀ ਸਹੂਲਤ ਲਈ ਢੁੱਕਵੀਆਂ ਭਾਸ਼ਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। |
| ਮੌਜੂਦਾ ਉਪਾਅ | • EOC ਦੁਆਰਾ ਲਾਗੂ ਕੀਤੇ ਗਏ ਚਾਰ ਪੱਖਪਾਤੀ ਆਰਡੀਨੈਂਸਾਂ ਬਾਰੇ ਜਾਣਕਾਰੀ ਲੀਫਲੈਟ ਅਤੇ ਹੋਰ ਸਬੰਧਤ ਜਾਣਕਾਰੀ ਅੰਗਰੇਜ਼ੀ ਅਤੇ ਚੀਨੀ ਤੋਂ ਇਲਾਵਾ ਅੱਠ ਭਾਸ਼ਾਵਾਂ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਵਿੱਚ ਪ੍ਰਦਾਨ ਕੀਤੇ ਗਏ ਹਨ। ਇਹ ਲੀਫਲੈਟ EOC ਦਫਤਰ ਵਿਖੇ ਉਪਲਬਧ ਹਨ ਜਾਂ EOC ਵੈਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਜਦੋਂ ਜ਼ਰੂਰੀ ਅਤੇ ਵਿਵਹਾਰਕ ਹੁੰਦਾ ਹੈ, ਪ੍ਰਚਾਰ ਸੰਬੰਧੀ ਸਮੱਗਰੀ ਦਾ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਂਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵੱਖ ਵੱਖ ਨਸਲਾਂ ਦੇ ਸੇਵਾ ਉਪਭੋਗਤਾਵਾਂ ਨੂੰ ਪ੍ਰਦਾਨ ਕੀਤੀ ਭਾਸ਼ਾ ਸਹਾਇਤਾ ਦੀ ਪ੍ਰਭਾਵਸ਼ੀਲਤਾ ਬਾਰੇ ਫੀਡਬੈਕ ਦੀ ਨਿਰੰਤਰ ਸਮੀਖਿਆ ਅਤੇ ਸੁਧਾਰ ਲਈ ਬੇਨਤੀ ਕੀਤੀ ਜਾਵੇਗੀ।<br>• ਅਨੁਵਾਦ ਅਤੇ ਦੁਭਾਸ਼ਾ ਸੇਵਾ ਲਈ ਬੇਨਤੀਆਂ ਦੀ ਗਿਣਤੀ ਅਤੇ ਮੁਹੱਈਆ ਕੀਤੀ ਗਈ ਸੇਵਾ ਦੀ ਨਿਯਮਤ ਤੌਰ ਤੇ ਸਮੀਖਿਆ ਕੀਤੀ ਜਾਵੇਗੀ ਤਾਂ ਜੋ ਭਵਿੱਖ ਦੀਆਂ ਸੇਵਾਵਾਂ ਦੀਆਂ ਜਰੂਰਤਾਂ ਬਾਰੇ ਪਤਾ ਲਗਾਇਆ ਜਾ ਸਕੇ ਅਤੇ ਲੋੜੀਂਦੇ ਸਰੋਤਾਂ ਦੀ ਯੋਜਨਾਬੰਦੀ ਕੀਤੀ ਜਾਸਕੇ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਹੋਰ ਵਧ ਰਹੇ ਨਸਲੀ ਸਮੂਹਾਂ, ਜਿਵੇਂ ਬੰਗਲਾਦੇਸ਼ੀਆਂ ਅਤੇ ਸ੍ਰੀ ਲੰਕਨਾਂ ਤੱਕ ਜਾਣਕਾਰੀ ਦੇ ਪ੍ਰਸਾਰ ਨੂੰ ਵਧਾਉਣ ਲਈ, ਜਾਣਕਾਰੀ ਲੀਫਲੈਟ ਦਾ ਅਨੁਵਾਦ ਕੀਤਾ ਜਾਵੇਗਾ ਅਤੇ ਵਿਅਕਤੀਗਤ ਰੂਪ ਵਿੱਚ ਜਾਂ EOC ਦੀ ਵੈਬਸਾਈਟ 'ਤੇ ਉਪਲਬਧ ਕਰਵਾਏ ਜਾਣਗੇ।<br>• ਅੰਗਰੇਜ਼ੀ ਅਤੇ ਚੀਨੀ ਤੋਂ ਇਲਾਵਾ ਵੱਖ-ਵੱਖ ਭਾਸ਼ਾਵਾਂ ਵਿੱਚ ਮੁਫਤ ਦੁਭਾਸ਼ਾ / ਅਨੁਵਾਦ ਸੇਵਾਵਾਂ ਦੀ ਉਪਲਬਧਤਾ ਪ੍ਰਤੀ ਜਾਗਰੂਕਤਾ ਵਧਾਉਣ ਲਈ, EOC ਦੀ ਲਾਬੀ ਵਿੱਚ ਸਪਸ਼ਟ ਨੋਟਿਸ / ਪੋਸਟਰ ਪ੍ਰਦਰਸ਼ਿਤ ਕੀਤਾ ਗਿਆ ਹੈ ਅਤੇ EOC ਦੀ ਵੈਬਸਾਈਟ 'ਤੇ ਯੋਗ ਤੌਰ 'ਤੇ ਪਾ ਦਿੱਤਾ ਜਾਵੇਗਾ।<br>• ਫਰੰਟਲਾਈਨ ਸਟਾਫ ਨੂੰ ਸੇਵਾ ਦੇ ਉਪਭੋਗਤਾਵਾਂ ਤੱਕ EOC ਦੀ ਭਾਸ਼ਾ ਸੇਵਾ ਨੂੰ ਸਰਗਰਮੀ ਨਾਲ ਪੇਸ਼ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। EOC ਦੇ ਸੇਵਾ ਉਪਭੋਗਤਾਵਾਂ ਨਾਲ ਸੰਚਾਰ ਵਿੱਚ ਹੋਰ ਸੁਵਿਧਾ ਲਈ ਜੋ ਅੰਗ੍ਰੇਜ਼ੀ / ਚੀਨੀ ਨਹੀਂ ਬੋਲਦੇ, ਖਾਸ AI ਅਨੁਵਾਦਕ ਈਰਬਡਸ, ਜੋ ਕਿ 36 ਭਾਸ਼ਾਵਾਂ ਦਾ ਸਮਰਥਨ ਕਰਦੇ ਹਨ, ਨੂੰ ਜਰੂਰੀ ਤੌਰ 'ਤੇ ਵਰਤੋਂ ਲਈ ਉਪਲਬਧ ਕਰਾਇਆ ਗਿਆ ਹੈ।<br>• ਅਨੁਵਾਦ ਅਤੇ ਦੁਭਾਸ਼ਾ ਸੇਵਾ ਲਈ ਬੇਨਤੀਆਂ ਦੀ ਗਿਣਤੀ ਸੇਵਾ ਅਤੇ ਸਰੋਤਾਂ ਦੀਆਂ ਸਮੀਖਿਆਵਾਂ ਲਈ ਇਕੱਤਰ ਕੀਤੀਆਂ ਜਾਂਦੀਆਂ ਹਨ।<br>• *ਈ ਓ ਸੀ (*EOC) *ਦੀ ਵੈਬਸਾਈਟ ਉੱਪਰ ਉਪਲੱਬਧ ਈ ਓ ਸੀ (*EOC) *ਦਾ ਨਿੱਜੀ ਜਾਣਕਾਰੀ ਇਕੱਠਾ ਕਰਨ ਦਾ ਬਿਆਨ (*Personal Information Collection |

Statement) *ਅਤੇ ਨਿੱਜਤਾ ਨੀਤੀ ਦਾ ਬਿਆਨ (*Privacy Policy Statement) *ਅੰਗਰੇਜ਼ੀ ਅਤੇ ਚੀਨੀ ਭਾਸ਼ਾ ਤੋਂ ਇਲਾਵਾ ਦਸ ਭਾਸ਼ਾਵਾਂ ਵਿਚ ਅਨੁਵਾਦਿਤ ਕੀਤਾ ਗਿਆ ਹੈ: ਬਹਾਸਾ ਇੰਡੋਨੇਸ਼ੀਆ, ਬੰਗਾਲੀ, ਹਿੰਦੀ, ਨੇਪਾਲੀ, ਪੰਜਾਬੀ, ਸਿੰਹਾਲਾ, ਟੈਗਾਲੌਂਗ, ਉਰਦੂ ਅਤੇ ਵੀਅਤਨਾਮੀ।*

- ਸਾਰੇ ਸਟਾਫ, ਖ਼ਾਸਕਰ ਫਰੰਟਲਾਈਨ ਸਟਾਫ ਨੂੰ ਦੁਭਾਸ਼ਾ / ਅਨੁਵਾਦ ਸੇਵਾਵਾਂ ਦੇ ਪ੍ਰਬੰਧਨ ਲਈ ਕਾਰਜ ਪ੍ਰਣਾਲੀਆਂ ਤੋਂ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਪ੍ਰਭਾਵਸ਼ਾਲੀ ਸੇਵਾਵਾਂ ਦੇਣ ਨੂੰ ਯਕੀਨੀ ਬਣਾਇਆ ਜਾ ਸਕੇ।

ਪੁੱਛ-ਗਿੱਛ ਜਾਂ ਫੀਡਬੈਕ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਦੁਆਰਾ ਕਾਰਪੋਰੇਟ ਯੋਜਨਾ ਅਤੇ ਸੇਵਾਵਾਂ ਵਿਭਾਗ ਦੇ ਸੀਨੀਅਰ ਸਮਾਨ ਮੌਕੇ ਅਫਸਰ (ਪ੍ਰਸ਼ਾਸਨ ਅਤੇ ਅਮਲੇ) (Miss Gloria YU*)* ਨਾਲ ਸੰਪਰਕ ਕਰੋ। –

ਈਮੇਲ*:* eoc@eoc.org.hk
ਟੈਲੀ. ਨੰ.: (852) 2511 8211
ਫੈਕਸ ਨੰ.*:* (852) 2511 8142
SMS ਸੇਵਾ: 6972566616538 (ਸੁਣਨ ਵਿੱਚ / ਬੋਲਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਲਈ*)*

- ਅਪਾਹਜ ਲੋਕ ਜਿਨ੍ਹਾਂ ਨੂੰ EOC ਦਫਤਰ ਵਿੱਚ ਜਾਣ ਲਈ ਸਰੀਰਕ ਸਹਾਇਤਾ ਦੀ ਲੋੜ ਹੁੰਦੀ ਹੈ ਉਹ ਸਾਡੇ ਨਾਲ 2511 8211 ਤੇ ਸੰਪਰਕ ਕਰ ਸਕਦੇ ਹਨ।
- ਦਫਤਰੀ ਸਮੇਂ ਤੋਂ ਬਾਅਦ ਆਮ ਪੁੱਛਗਿੱਛ ਲਈ, ਕਿਰਪਾ ਕਰਕੇ ਸਾਡੀ ਹੌਟਲਾਈਨ 2511 8211 ਤੇ ਸੰਦੇਸ਼ ਛੱਡੋ।

ਸਮਾਨ ਮੌਕੇ ਕਮੀਸ਼ਨ
ਮਈ 2023